# ਪ੍ਰਸ਼ਨ ਬੈਂਕ (ਵਿਆਕਰਨ ਅਤੇ ਲੇਖ-ਰਚਨਾ) ਜਮਾਤ ਅੱਠਵੀਂ

1. ਇਹ ਪੈੱਨ ਕਿਸ ਦਾ ਹੈ? ਵਰਤੋਂ ਦੇ ਅਧਾਰ 'ਤੇ ਵਾਕ ਦੀ ਕਿਹੜੀ ਕਿਸਮ ਹੈ?

   ੳ ਨਾਂਹ-ਵਾਚਕ ਅ ਹਾਂ-ਵਾਚਕ

   ੲ ਵਿਸਮੈ-ਵਾਚਕ ਸ ਪ੍ਰਸ਼ਨ-ਵਾਚਕ

2. 'ਫੁੱਲ' ਸ਼ਬਦ ਦਾ ਸਮਾਨਾਰਥਕ ਸ਼ਬਦ ਕਿਹੜਾ ਹੈ?

   ੳ ਪੁਸ਼ਪ ਅ ਕੁਸਮ ੲ ਸੁਮਨ ਸ ਇਹ ਸਾਰੇ ਹੀ।

3. 'ਮੁੱਠੀ ਗਰਮ ਕਰਨਾ' ਮੁਹਾਵਰੇ ਦਾ ਸਹੀ ਅਰਥ ਕਿਹੜਾ ਹੈ?

   ੳ ਅੱਗ ਸੇਕਣੀ ਅ ਗੁੱਸੇ ਵਿੱਚ ਆਉਣਾ ੲ ਰਿਸ਼ਵਤ ਦੇਣੀ ਸ ਉਪਰੋਕਤ ਸਾਰੇ

4. ਪੰਜਾਬੀ ਵਿੱਚ ਵਚਨ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

   ੳ ਚਾਰ ਅ ਦੋ ੲ ਤਿੰਨ ਸ ਪੰਜ

5. ਅਧਿਆਪਕਾ ਪੜ੍ਹਾ ਰਹੀ ਹੈ। ਕਾਲ ਦੀ ਕਿਹੜੀ ਕਿਸਮ ਹੈ?

   ੳ ਭੂਤਕਾਲ ਅ ਭਵਿੱਖ ਕਾਲ

   ੲ ਵਰਤਮਾਨ ਕਾਲ ਸ ਇਹਨਾਂ ਵਿੱਚੋਂ ਕੋਈ ਨਹੀਂ।

6. ਸੂਰਜ ਨਿਕਲ ਰਿਹਾ ਹੈ। ਇਹ ਵਾਕ ਵਰਤਮਾਨ ਕਾਲ ਦੀ ਉਦਾਹਰਨ ਹੈ। ਸਹੀ/ਗ਼ਲਤ

7. ਸ਼ੇਰਨੀ ਜੰਗਲ਼ ਵਿੱਚ ਫਿਰਦੀ ਹੈ। ਵਾਕ ਵਿੱਚ 'ਸ਼ੇਰਨੀ' ਸ਼ਬਦ ਲਿੰਗ ਦੀ ਕਿਹੜੀ ਕਿਸਮ ਹੈ?

   ੳ ਇਸਤਰੀ ਲਿੰਗ ਅ ਪੁਲਿੰਗ

   ੲ ਇਸਤਰੀ-ਪੁਰਖ ਲਿੰਗ ਸ ਇਹਨਾਂ ਵਿੱਚੋਂ ਕੋਈ ਨਹੀਂ।

8. 'ਮਿੱਤਰ' ਲਈ 'ਆੜੀ' ਸ਼ਬਦ ਵੀ ਵਰਤਿਆ ਜਾਂਦਾ ਹੈ। ਸਹੀ/ਗ਼ਲਤ

9. 'ਲਹੂ ਪੰਘਰਨਾ' ਮੁਹਾਵਰਾ ਦਾ ਸਹੀ ਅਰਥ 'ਲਹੂ ਪਤਲਾ ਹੋਣਾ' ਹੈ। ਸਹੀ/ਗ਼ਲਤ

10. ਬਣਤਰ ਦੇ ਅਧਾਰ 'ਤੇ ਵਾਕ ਦੀਆਂ ਕਿੰਨੀਆਂ ਕਿਸਮਾਂ ਹਨ?

    ੳ ਦੋ ਅ ਤਿੰਨ ੲ ਚਾਰ ਸ ਪੰਜ

11. ਉਹ ਪੜ੍ਹ ਰਿਹਾ ਹੈ। ਵਾਕ ਨੂੰ ਪ੍ਰਸ਼ਨਵਾਚਕ ਵਾਕ ਵਿੱਚ ਬਦਲੋ।

    ੳ ਉਹ ਪੜ੍ਹ ਰਿਹਾ ਸੀ? ਅ ਕੀ ਉਹ ਪੜ੍ਹ ਰਿਹਾ ਹੈ?

    ੲ ਕੀ ਉਹ ਪੜ੍ਹ ਰਿਹਾ ਸੀ? ਸ ਇਹਨਾਂ ਵਿੱਚੋਂ ਕੋਈ ਨਹੀਂ।

12. ਵਾਹ ! ਕਿੰਨਾ ਮਨਮੋਹਕ ਨਜ਼ਾਰਾ ਹੈ। ਵਾਕ ਦੀ ਕਿਸਮ ਦੱਸੋ।

ੳ ਪ੍ਰਸ਼ਨਵਾਚਕ ਅ ਵਿਸਮੈਵਾਚਕ ੲ ਨਾਂਹਵਾਚਕ ਸ ਮਿਸ਼ਰਿਤ

13.ਜੋ ਲੋਕ ਸਮੇਂ ਦੀ ਕਦਰ ਨਹੀਂ ਕਰਦੇ, ਉਹ ਬਾਅਦ ਵਿੱਚ ਪਛਤਾਉਂਦੇ ਹਨ; ਇਸ ਅਰਥ ਨੂੰ ਪ੍ਰਗਟਾਉਂਦਾ ਮੁਹਾਵਰਾ ਲਿਖੋ।

ੳ ਰੰਗ ਉੱਡ ਜਾਣਾ ਅ ਵੇਲ਼ੇ ਨੂੰ ਰੋਣਾ

ੲ ਕਰਮਾਂ ਨੂੰ ਰੋਣਾ ਸ ਹੱਥਾ ਦੇ ਤੋਤੇ ਉੱਡਣਾ

14.ਜੇਬ ਕਤਰਾ ਮੇਰੀ ਜੇਬ ਕੱਟ ਕੇ __________ ਹੋ ਗਿਆ। ਖ਼ਾਲੀ ਥਾਂ ਵਿੱਚ ਉਚਿੱਤ ਮੁਹਾਵਰਾ ਲਿਖੋ।

ੳ ਬਾਗੋ-ਬਾਗ ਅ ਨਿਹਾਲ ੲ ਰੱਫੂ ਚੱਕਰ ਸ ਕਮਲ਼ਾ

15.ਇਮਾਰਤ ਸ਼ਬਦ ਦਾ ਵਚਨ ਕੀ ਹੈ? (ਇੱਕਵਚਨ/ਬਹੁਵਚਨ)

16. ਕਾਲ ______ ਪ੍ਰਕਾਰ ਦੇ ਹੁੰਦੇ ਹਨ।(ਦੋ, ਤਿੰਨ, ਚਾਰ, ਪੰਜ)

17.ਜਿਸ ਵਾਕ ਵਿੱਚ ਕੇਵਲ ਇੱਕ ਹੀ ਕਿਰਿਆ ਹੋਵੇ, ਉਸ ਨੂੰ _______ ਵਾਕ ਆਖਿਆ ਜਾਂਦਾ ਹੈ। (ਸਧਾਰਨ/ਸੰਯੁਕਤ/ਮਿਸ਼ਰਿਤ)

18.ਬੱਚਾ ਰੋ ਰਿਹਾ ਹੈ। ਵਾਕ ਵਿੱਚ ਉਦੇਸ਼ ਦੀ ਚੋਣ ਕਰੋ।

ੳ ਰੋ ਅ ਬੱਚਾ ੲ ਰਿਹਾ ਸ ਹੈ

19. ਸਾਨੂੰ ਹਮੇਸ਼ਾਂ ______ ਤੋਂ ਕੰਮ ਲੈਣਾ ਚਾਹੀਦਾ ਹੈ। (ਠਰ੍ਹੰਮੇ/ ਗੁੱਸੇ/ ਕਾਹਲ਼/ਲਾਪਰਵਾਹੀ)

20. ਕਾਲ ਤੋਂ ਭਾਵ ______ ਹੈ। (ਭੂਤ/ਸਮਾਂ/ਮੌਤ)

21.ਹੇਠ ਲਿਖਿਆਂ ਦਾ ਮਿਲਾਨ ਕਰੋ।

| | | |
|---|---|---|
| ੳ) | ਲੜ ਫੜਨਾ | ਬਾਬੇ |
| ਅ) | ਪਰਖ | ਕਾਲ |
| ੲ) | ਬਾਬਾ | ਇਕਰਾਰ |
| ਸ) | ਸਮਾਂ | ਆਸਰਾ ਲੈਣਾ |
| ਹ) | ਵਚਨ | ਜਾਂਚ |

22. ਕਿਰਿਆ ਵਿਸ਼ੇਸ਼ਣ ਕਿੰਨੀ ਪ੍ਰਕਾਰ ਦੇ ਹਨ?

ੳ ਪੰਜ ਅ ਅੱਠ ੲ ਸੱਤ ਸ ਛੇ

23. ਜਿਹਨਾਂ ਸ਼ਬਦਾਂ ਤੋਂ ਕਿਰਿਆ ਦੇ ਹੋਣ ਦੇ ਸਮੇਂ ਦਾ ਪਤਾ ਲੱਗੇ, ਉਸ ਨੂੰ ਕੀ ਕਹਿੰਦੇ ਹਨ?

ੳ ਸਥਾਨਵਾਚਕ ਕਿਰਿਆ-ਵਿਸ਼ੇਸ਼ਣ ਅ ਕਾਲਵਾਚਕ ਕਿਰਿਆ-ਵਿਸ਼ੇਸ਼ਣ

ੲ ਪ੍ਰਕਾਰਵਾਚਕ ਕਿਰਿਆ-ਵਿਸ਼ੇਸ਼ਣ ਸ ਨਿਸ਼ਚੇਵਾਚਕ ਕਿਰਿਆ-ਵਿਸ਼ੇਸ਼ਣ

24. ਘੜੀ-ਮੁੜੀ, ਦੁਬਾਰਾ, ਕਿਰਿਆ-ਵਿਸ਼ੇਸ਼ਣ ਦੀ ਕਿਹੜੀ ਕਿਸਮ ਹੈ?

ੳ ਸਥਾਨਵਾਚਕ  ਅ ਸੰਖਿਆਵਾਚਕ

ੲ ਪ੍ਰਕਾਰਵਾਚਕ  ਸ ਨਿਰਨਾਵਾਚਕ

25. 'ਜ਼ਰੂਰ' ਸ਼ਬਦ ਕਿਰਿਆ-ਵਿਸ਼ੇਸ਼ਣ ਦੀ ਕਿਸ ਕਿਸਮ ਅਧੀਨ ਆਉਂਦਾ ਹੈ?

ੳ ਨਿਰਨਾਵਾਚਕ  ਅ ਸਥਾਨਵਾਚਕ  ੲ ਕਾਲ ਵਾਚਕ  ਸ ਨਿਸ਼ਚੇਵਾਚਕ

26. ਜਿਹਨਾਂ ਸ਼ਬਦਾਂ ਤੋਂ ਕਿਰਿਆ ਦੀ ਗਿਣਤੀ ਜਾਂ ਦੁਹਰਾਈ ਦਾ ਪਤਾ ਲੱਗੇ, ਉਹਨਾਂ ਨੂੰ ਕੀ ਕਿਹਾ ਜਾਂਦਾ ਹੈ?

ੳ ਕਾਲਵਾਚਕ ਕਿਰਿਆ-ਵਿਸ਼ੇਸ਼ਣ  ਅ ਸੰਖਿਆਵਾਚਕ ਕਿਰਿਆ-ਵਿਸ਼ੇਸ਼ਣ

ੲ ਪ੍ਰਕਾਰ ਵਾਚਕ ਕਿਰਿਆ-ਵਿਸ਼ੇਸ਼ਣ  ਸ ਇਹ ਸਾਰੇ ਹੀ।

27. ਜਿਹੜੇ ਸ਼ਬਦ ਵਾਕ ਵਿੱਚ ਨਾਂਵ, ਪੜਨਾਂਵ ਜਾਂ ਵਿਸ਼ੇਸ਼ਣ ਦਾ ਵਾਕ ਦੇ ਦੂਸਰੇ ਸ਼ਬਦਾਂ ਨਾਲ਼ ਸੰਬੰਧ ਪ੍ਰਗਟ ਕਰੇ, ਉਹਨਾਂ ਸ਼ਬਦਾਂ ਨੂੰ ਕੀ ਕਿਹਾ ਜਾਂਦਾ ਹੈ?

ੳ ਸੰਬੰਧਕ  ਅ ਯੋਜਕ  ੲ ਵਿਸਮਿਕ  ਸ ਕਿਰਿਆ

28. ਜਿਹੜੇ ਸ਼ਬਦ ਇਕੱਲੇ ਹੀ ਸੰਬੰਧਕ ਦਾ ਕੰਮ ਕਰਨ, ਉਹਨਾਂ ਨੂੰ ਕੀ ਕਿਹਾ ਜਾਂਦਾ ਹੈ?

ੳ ਪੂਰਨ ਸੰਬੰਧਕ  ਅ ਅਪੂਰਨ ਸੰਬੰਧਕ

ੲ ੳ ਅਤੇ ਅ ਦੋਵੇਂ  ਸ ਇਹਨਾਂ ਵਿੱਚੋਂ ਕੋਈ ਨਹੀਂ

29. 'ਉਹ ਥਾਂ ਜੋ ਸਭ ਦੀ ਸਾਂਝੀ ਹੋਵੇ' ਉਸ ਨੂੰ ਕੀ ਕਿਹਾ ਜਾਂਦਾ ਹੈ?

ੳ ਨਿੱਜੀ  ਅ ਸਰਕਾਰੀ  ੲ ਸ਼ਾਮਲਾਟ  ਸ ਇਹ ਸਾਰੇ ਹੀ।

30. 'ਆਗਿਆਕਾਰੀ' ਸ਼ਬਦ ਦਾ ਅਰਥ ਹੈ?

ੳ ਆਗਿਆ ਦਾ ਪਾਲਣ ਨਾ ਕਰਨ ਵਾਲ਼ਾ  ਅ ਆਗਿਆ ਦਾ ਪਾਲਣ ਕਰਨ ਵਾਲ਼ਾ

ੲ ਨਿਰਾਦਰ ਕਰਨ ਵਾਲ਼ਾ  ਸ ਆਗਿਆ ਦੇਣ ਵਾਲ਼ਾ

31.'ਜਿਹੜਾ ਕਦੇ ਨਾ ਟੁੱਟੇ' ਦਾ ਅਰਥ ਕੀ ਹੈ?

ੳ ਮਜ਼ਬੂਤ  ਅ ਅਟੁੱਟ  ੲ ਪੱਕਾ  ਸ ਇਹਨਾਂ ਵਿੱਚੋਂ ਕੋਈ ਨਹੀਂ।

32. 'ਜਿਸ ਨੂੰ ਸਾਰੇ ਪਿਆਰ ਕਰਨ' ਦਾ ਅਰਥ ਕੀ ਹੈ?

ੳ ਬਹੁਤ-ਪਿਆਰਾ  ਅ ਹਰਮਨ-ਪਿਆਰਾ  ੲ ਸੋਹਣਾ  ਸ ਤਾਕਤਵਰ

33. 'ਜਿਹੜਾ ਬੋਲ ਨਾ ਸਕਦਾ ਹੋਵੇ' ਦਾ ਅਰਥ ਕੀ ਹੈ?

ੳ ਅੰਨ੍ਹਾ  ਅ ਗੂੰਗਾ

ੲ ਬੋਲ਼ਾ　　　　　ਸ ਇਹਨਾਂ ਵਿੱਚ ਕੋਈ ਨਹੀਂ।

34. 'ਜਿੱਥੇ ਪੈਸੇ ਜਾਂ ਸਿੱਕੇ ਬਣਾਏ ਜਾਂਦੇ ਹੋਣ' ਨੂੰ ਕੀ ਕਿਹਾ ਜਾਂਦਾ ਹੈ?

ੳ ਬੈਂਕ　　ਅ ਟਕਸਾਲ　　ੲ ਖ਼ਜ਼ਾਨਾ　　ਸ ਸਰਕਾਰ

35. 'ਜਿਹੜੀ ਜ਼ਮੀਨ ਵਿੱਚ ਕੋਈ ਫ਼ਸਲ ਨਾ ਉੱਗੇ' ਨੂੰ ਕੀ ਕਿਹਾ ਜਾਂਦਾ ਹੈ?

ੳ ਉਪਜਾਊ　　ਅ ਬੰਜ਼ਰ　　ੲ ਕੱਲਰੀ　　ਸ ਰੇਤਲੀ

36. 'ਨੱਕ 'ਤੇ ਮੱਖੀ ਨਾ ਬਹਿਣ ਦੇਣਾ' ਮੁਹਾਵਰੇ ਦਾ ਅਰਥ ਕੀ ਹੈ?

ੳ ਨਫ਼ਰਤ ਕਰਨੀ　　ਅ ਗੁੱਸੇ ਵਿੱਚ ਆਉਣਾ　　ੲ ਨਖ਼ਰੇ ਕਰਨਾ　　ਸ ਸੁਖ ਮਾਨਣਾ

37. 'ਪੁੱਠੀਆਂ ਛਾਲ਼ਾਂ ਮਾਰਨਾ' ਮੁਹਾਵਰੇ ਦਾ ਕੀ ਅਰਥ ਹੈ?

ੳ ਨਫਰਤ ਕਰਨੀ　　ਅ ਬਹੁਤ ਖ਼ੁਸ਼ ਹੋਣਾ　　ੲ ਘਬਰਾ ਜਾਣਾ　　ਸ ਸ਼ਰਮਿੰਦਾ ਹੋਣਾ

38. 'ਟਾਲ਼-ਮਟੋਲ਼ ਕਰਨਾ' ਮੁਹਾਵਰੇ ਦਾ ਕੀ ਅਰਥ ਹੈ?

ੳ ਹਿੰਮਤ ਹਾਰਨਾ　　　　　ਅ ਕੋਈ ਆਸਰਾ ਨਾ ਰਹਿਣਾ

ੲ ਬਹਾਨੇ ਬਣਾਉਣਾ　　　　ਸ ਭੱਜ ਜਾਣਾ

39. 'ਖ਼ੂਨ ਖੋਲਣਾ' ਮੁਹਾਵਰੇ ਦਾ ਕੀ ਅਰਥ ਹੈ?

ੳ ਗੁੱਸਾ ਹੋਣਾ　　ਅ ਸ਼ਰਮਿੰਦਾ ਹੋਣਾ　　ੲ ਫਰਾਰ ਹੋਣਾ　　ਸ ਉਪਰੋਕਤ ਸਾਰੇ।

40. ਜਿਹੜੇ ਸ਼ਬਦ ਵਾਕ ਵਿੱਚ ਨਾਂਵ, ਪੜਨਾਂਵ ਜਾਂ ਵਿਸ਼ੇਸ਼ਣ ਸ਼ਬਦਾਂ ਦਾ ਵਾਕ ਦੇ ਦੂਸਰੇ ਸ਼ਬਦਾਂ ਨਾਲ਼ ਸੰਬੰਧ ਪ੍ਰਗਟ ਕਰੇ, ਉਹਨਾਂ ਨੂੰ ਕੀ ਕਿਹਾ ਜਾਂਦਾ ਹੈ?

ੳ ਵਿਸਮਿਕ　　ਅ ਸੰਬੰਧਕ　　ੲ ਨਾਂਵ　　ਸ ਯੋਜਕ

41.ਦਾ, ਦੀ, ਦੇ, ਕੋਲ਼, ਅਤੇ ਤੋਂ ਕਿਹੜੇ ਸ਼ਬਦ ਹਨ?

ੳ ਯੋਜਕ　　ਅ ਸੰਬੰਧਕ　　ੲ ਵਿਸਮਿਕ　　ਸ ਪੜਨਾਂਵ

42. ਰੋਹਿਤ ਦਾ ਬੈਟ ਵਧੀਆ ਹੈ। ਵਾਕ ਵਿੱਚ ਕਿਹੜਾ ਸ਼ਬਦ ਸੰਬੰਧਕ ਹੈ?

ੳ ਰੋਹਿਤ　　ਅ ਬੈਟ　　ੲ ਦਾ　　ਸ ਵਧੀਆ

43. ਬਿੱਲੀ ਮੇਜ਼ ਦੇ ਹੇਠਾਂ ਬੈਠੀ ਹੈ। ਵਾਕ ਵਿੱਚ 'ਦੇ ਹੇਠਾਂ' ਕਿਸ ਕਿਸਮ ਦਾ ਸੰਬੰਧਕ ਹੈ?

ੳ ਪੂਰਨ ਸੰਬੰਧਕ　　　　　ਅ ਅਪੂਰਨ ਸੰਬੰਧਕ

ੲ ਦੋਨੋਂ　　　　　ਸ ਇਹਨਾਂ ਵਿੱਚੋਂ ਕੋਈ ਨਹੀਂ।

44. ਗੀਤਾ ਦੇ ਵਾਲ਼ ਲੰਮੇ ਹਨ। ਵਾਕ ਵਿੱਚ 'ਦੇ' ਕਿਸ ਕਿਸਮ ਦਾ ਸੰਬੰਧਕ ਹੈ?

ੳ ਪੂਰਨ ਸੰਬੰਧਕ　　ਅ ਅਪੂਰਨ ਸੰਬੰਧਕ　　ੲ ਦੋਨੋਂ　　ਸ ਕੋਈ ਵੀ ਨਹੀਂ।

45. ਜਿਹੜਾ ਸ਼ਬਦ ਕਿਰਿਆ ਦੇ ਹੋਣ ਦਾ ਸਮਾਂ, ਸਥਾਨ, ਕਾਰਨ, ਢੰਗ ਜਾਂ ਤਰੀਕਾ ਦੱਸੇ, ਉਹਨਾਂ ਨੂੰ ਕੀ ਕਿਹਾ ਜਾਂਦਾ ਹੈ?

ੳ ਕਿਰਿਆ  ਅ ਕਿਰਿਆ-ਵਿਸ਼ੇਸ਼ਣ

ੲ ਸੰਯੁਕਤ ਕਿਰਿਆ  ਸ ਇਕਹਿਰੀ ਕਿਰਿਆ

46. ਕਿਰਿਆ-ਵਿਸ਼ੇਸ਼ਣ ਦੀਆਂ ਕਿੰਨੀਆਂ ਕਸਮਾਂ ਹਨ?

ੳ ਦੋ  ਅ ਪੰਜ  ੲ ਅੱਠ  ਸ ਨੌਂ

47. ਹੌਲ਼ੀ, ਛੇਤੀ, ਇਉਂ ਅਤੇ ਇਸ ਤਰ੍ਹਾਂ ਸ਼ਬਦ ਕਿਰਿਆ-ਵਿਸ਼ੇਸ਼ਣ ਦੀਆਂ ਕਿਹੜੀਆਂ ਕਿਸਮਾਂ ਹਨ?

ੳ ਪ੍ਰਕਾਰਵਾਚਕ  ਅ ਸਥਾਨਵਾਚਕ

ੲ ਕਾਰਨਵਾਚਕ  ਸ ਸੰਖਿਆਵਾਚਕ

48. ਜੀ ਹਾਂ, ਆਹੋ ਜੀ, ਚੰਗਾ ਜੀ ਸ਼ਬਦ ਨਿਰਣਾਵਾਚਕ ਕਿਰਿਆ-ਵਿਸ਼ੇਸ਼ਣ ਦੀਆਂ ਉਦਾਹਰਨਾਂ ਹਨ। ਸਹੀ/ਗ਼ਲਤ

49. ਰਾਜੇ ਨੇ ਬੂਹਾ ਹੌਲ਼ੀ-ਹੌਲ਼ੀ ਖੋਲਿਆ। ਇਸ ਵਾਕ ਵਿੱਚ ਹੌਲ਼ੀ-ਹੌਲ਼ੀ ਸ਼ਬਦ ਕੀ ਹੈ?

ੳ ਪੜਨਾਂਵ  ਅ ਨਾਂਵ  ੲ ਸੰਬੰਧਕ  ਸ ਕਿਰਿਆ-ਵਿਸ਼ੇਸ਼ਣ

50. ਹੇਠ ਲਿਖਿਆਂ ਵਿੱਚੋਂ ਸੰਖਿਆਵਾਚਕ ਕਿਰਿਆ-ਵਿਸ਼ੇਸ਼ਣ ਦੀਆਂ ਉਦਾਹਰਨਾਂ ਕਿਹੜੀਆਂ ਹਨ?

ੳ ਘੜੀ-ਮੁੜੀ, ਦੁਬਾਰਾ ਕਈ ਵਾਰੀ, ਇੱਕ-ਇੱਕ  ਅ ਜ਼ਰਾ, ਬਹੁਤਾ, ਇੰਨਾ, ਰਤਾ ਕੁ

ੲ ਹੌਲ਼ੀ, ਛੇਤੀ, ਇਉਂ, ਇਸ ਤਰ੍ਹਾਂ  ਸ ਘਰ, ਬਜ਼ਾਰ, ਇੱਧਰ, ਉੱਧਰ

51. 'ਕੁੱਜੇ ਵਿੱਚ ਸਮੁੰਦਰ ਬੰਦ ਕਰਨਾ' ਵਾਕੰਸ਼ ਕੀ ਹੈ?

ੳ ਬੁਝਾਰਤ  ਅ ਮੁਹਾਵਰਾ  ੲ ਅਖਾਣ  ਸ ਇਹਨਾਂ ਵਿੱਚੋਂ ਕੋਈ ਨਹੀਂ।

52. 'ਪਾਪੜ ਵੇਲਣਾ' ਮੁਹਾਵਰੇ ਦਾ ਕੀ ਅਰਥ ਹੈ?

ੳ ਕਈ ਕੰਮ ਕਰਨੇ  ਅ ਪਾਪੜ ਵੇਲਣ ਦਾ ਕੰਮ ਕਰਨਾ

ੲ ਨਿਕੰਮੇ ਫਿਰਨਾ  ਸ ਇਹਨਾਂ ਵਿੱਚੋਂ ਕੋਈ ਨਹੀਂ।

53. ਕਿਸੇ ਦੀ ਬੁਰਾਈ ਕਰਨ ਲਈ ਕਿਹੜਾ ਮੁਹਾਵਰਾ ਵਰਤਿਆ ਜਾਂਦਾ ਹੈ?

ੳ ਬਾਂਹ ਭੱਜਣੀ  ਅ ਭੰਡੀ ਕਰਨਾ  ੲ ਫਿੱਕੇ ਪੈਣਾ  ਸ ਨੱਕ ਚਾੜ੍ਹਨਾ

54. 'ਪਾਜ ਖੁੱਲ੍ਹ ਜਾਣਾ' ਕੀ ਹੈ?

ੳ ਬੁਝਾਰਤ  ਅ ਅਖਾਣ

ੲ ਮੁਹਾਵਰਾ  ਸ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ

55. 'ਫਿੱਕੇ ਪੈਣਾ' ਮੁਹਾਵਰੇ ਦਾ ਕੀ ਅਰਥ ਹੈ?

ੳ ਸ਼ਰਮਿੰਦਾ ਹੋਣਾ ਅ ਨਫ਼ਰਤ ਕਰਨਾ ੲ ਗੁੱਸੇ ਹੋਣਾ ਸ ਘਬਰਾ ਜਾਣਾ

56. ਸਾਰਿਆਂ ਦੀ ਸਾਂਝੀ ਰਾਇ ਨੂੰ ਕੀ ਕਿਹਾ ਜਾਂਦਾ ਹੈ?

ੳ ਸਰਬ-ਸੰਮਤੀ ਅ ਸ਼ਾਮਲਾਟ ੲ ਚੁਰਸਤਾ ਸ ਬੰਜ਼ਰ

57. ਜਿਸ ਸ਼ਬਦ ਦਾ ਅਰਥ ਵਾਕ ਜਾਂ ਵਾਕੰਸ਼ ਰਾਹੀਂ ਸਪੱਸ਼ਟ ਹੁੰਦਾ ਹੈ, ਉਸ ਸ਼ਬਦ ਨੂੰ ਕੀ ਕਿਹਾ ਜਾਂਦਾ ਹੈ?

ੳ ਵਿਰੋਧੀ ਸ਼ਬਦ ਅ ਸਮਾਨਾਰਥਕ ਸ਼ਬਦ

ੲ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਸ ਬਹੁਅਰਥਕ ਸ਼ਬਦ

58. ਜਿਹੜਾ ਅਖ਼ਬਾਰ ਹਫਤੇ ਵਿੱਚ ਇੱਕ ਵਾਰ ਪ੍ਰਕਾਸ਼ਿਤ ਹੋਵੇ, ਉਸ ਨੂੰ ਕੀ ਕਹਿੰਦੇ ਹਨ?

ੳ ਦੈਨਿਕ ਅ ਸਪਤਾਹਿਕ ੲ ਸਲਾਨਾ ਸ ਮਾਸਿਕ

59. ਨਾਟਕ ਲਿਖਣ ਵਾਲ਼ੇ ਨੂੰ ਕੀ ਕਿਹਾ ਜਾਂਦਾ ਹੈ?

ੳ ਕਹਾਣੀਕਾਰ ਅ ਨਾਟਕਕਾਰ ੲ ਨਾਵਲਕਾਰ ਸ ਇਕਾਂਗੀਕਾਰ

60. ਜੋ ਪ੍ਰਮਾਤਮਾ ਨੂੰ ਮੰਨਦਾ ਹੋਵੇ, ਉਸ ਲਈ ਕਿਹੜਾ ਸ਼ਬਦ ਵਰਤਿਆ ਜਾਂਦਾ ਹੈ?

ੳ ਆਸਤਕ ਅ ਨਾਸਤਕ ੲ ਅਕਹਿ ਸ ਅਸਹਿ

61. ਭਾਸ਼ਣ ਜਾਂ ਗੀਤ ਸੁਣਨ ਵਾਲ਼ੇ ਨੂੰ ਕੀ ਕਹਿੰਦੇ ਹਨ?

ੳ ਵਕਤਾ ਅ ਦਰਸ਼ਕ ੲ ਸ੍ਰੋਤਾ ਸ ੳ ਅਤੇ ਅ ਦੋਵੇਂ

62. ਜਿਹਨਾਂ ਸ਼ਬਦਾਂ ਤੋਂ ਕਿਸੇ ਕੰਮ ਦੇ ਹੋਣ ਦੀ ਜਾਣਕਾਰੀ ਮਿਲ਼ੇ, ਉਹਨਾਂ ਨੂੰ ਕੀ ਕਹਿੰਦੇ ਹਨ?

ੳ ਨਾਂਵ ਅ ਪੜਨਾਂਵ ੲ ਕਿਰਿਆ ਸ ਕਿਰਿਆ-ਵਿਸ਼ੇਸ਼ਣ

63. ਉਸ ਦੀ ਪੱਗ ਦਾ ਰੰਗ ਦਾ ਲਾਲ ਹੈ। ਵਾਕ ਵਿੱਚ ਵਿਸ਼ੇਸ਼ਣ ਸ਼ਬਦ ਦੀ ਚੋਣ ਕਰੋ।

ੳ ਉਸ ਅ ਪੱਗ ੲ ਲਾਲ ਸ ਦਾ

64. ਬੱਚੇ ਖੇਡਦੇ ਹਨ। ਵਾਕ ਵਿੱਚੋਂ ਸਹਾਇਕ ਕਿਰਿਆ ਦੀ ਪਛਾਣ ਕਰੋ।

ੳ ਬੱਚੇ ਅ ਖੇਡਦੇ ੲ ਹਨ ਸ ਇਹਨਾਂ ਵਿੱਚੋਂ ਕੋਈ ਨਹੀਂ।

65. 'ਅੰਤ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ।

ੳ ਦੂਰ ਅ ਸ਼ੁਰੂ ੲ ਨੇੜੇ ਸ ਅਖੀਰ

66. ਹੇਠ ਲਿਖੇ ਸ਼ਬਦਾਂ ਵਿੱਚੋਂ ਵਿਸ਼ੇਸ਼ਣ ਸ਼ਬਦ ਦੀ ਚੋਣ ਕਰੋ।

ੳ ਜਾਂਦਾ ਅ ਮੋਟਾ ੲ ਹਲਵਾਈ ਸ ਖੇਡਣਾ

67. ਹੇਠ ਲਿਖੇ ਸ਼ਬਦਾਂ ਦਾ ਮਿਲਾਨ ਕਰੋ।

| | |
|---|---|
| ੳ) ਬੇਗ਼ਾਨਾ | ਬਹਾਦਰ |
| ਅ) ਡਰਪੋਕ | ਸੁਜਾਖਾ |
| ੲ) ਅੰਨ੍ਹਾ | ਆਪਣਾ |
| ਸ) ਸੱਖਣਾ | ਉੱਜੜਨਾ |
| ਹ) ਵਸਣਾ | ਭਰਿਆ |

68. ਹੇਠ ਲਿਖੇ ਵਾਕੰਸ਼ਾਂ ਦੀ ਵਰਤੋਂ ਕਰ ਕੇ ਅਖਾਣਾਂ ਨੂੰ ਪੂਰਾ ਕਰੋ।

ਖੇਤ ਨੂੰ ਖਾਏ, ਤੂੰਬਾ ਫੂਕਣਾ, ਮੈਂ ਲਾੜੇ ਦੀ ਤਾਈ, ਸੌ ਬਿਮਾਰ, ਗੁੱਸਾ ਘੁਮਿਆਰ ’ਤੇ।

ੳ) ਈਦ ਪਿੱਛੋਂ________________

ਅ) ਇੱਕ ਅਨਾਰ_______________

ੲ) ਉਲਟੀ ਵਾੜ_________________

ਸ) ਡਿੱਗੀ ਖੋਤੇ ਤੋਂ________________

ਹ) ਸੱਦੀ ਨਾ ਬੁਲਾਈ _____________

69. ਹੇਠ ਲਿਖੇ ਵਾਕਾਂ ਨੂੰ ਧਿਆਨ ਪੜ੍ਹੋ ਅਤੇ ਵਿਸ਼ੇਸ਼ਣ ਸ਼ਬਦਾਂ ਹੇਠਾਂ ਲਕੀਰ ਲਗਾਓ।

ੳ) ਮੇਰਾ ਕੁੜਤਾ ਨੀਲ਼ੇ ਰੰਗ ਦਾ ਹੈ।

ਅ) ਉਸ ਕੋਲ਼ ਪੰਜਾਹ ਰੁਪਏ ਹਨ।

ੲ) ਅਹੁ ਸਾਡਾ ਘਰ ਹੈ।

ਸ) ਗੀਤਾ ਦਾ ਥੋੜ੍ਹਾ ਕੰਮ ਬਾਕੀ ਹੈ।

ਹ) ਪਤਲਾ ਮੁੰਡਾ ਪੜ੍ਹ ਰਿਹਾ ਹੈ।

70. ਹੇਠ ਲਿਖੇ ਪੁਲਿੰਗ ਸ਼ਬਦਾਂ ਦੇ ਸਹੀ ਇਸਤਰੀ ਲਿੰਗ ਉਹਨਾਂ ਦੇ ਸਾਹਮਣੇ ਲਿਖੋ।

ੳ) ਵੱਛਾ ___________

ਅ) ਸੱਪ_____________

ੲ) ਧੋਬੀ_____________

ਸ) ਕਸ਼ਮੀਰੀ__________

ਹ) ਪੰਜਾਬੀ____________

71. ਸਹੀ ਅੱਗੇ( ✔ ) ਅਤੇ ਗ਼ਲਤ ਅੱਗੇ( ✖ ) ਦਾ ਨਿਸ਼ਾਨ ਲਗਾਓ।

ੳ) ਕਰਮ ਦੇ ਅਧਾਰ ’ਤੇ ਕਿਰਿਆ ਦੋ ਪ੍ਰਕਾਰ ਦੀ ਹੁੰਦੀ ਹੈ।

ਅ) ਵਿਸ਼ੇਸ਼ਣ ਛੇ ਪ੍ਰਕਾਰ ਦੇ ਹੁੰਦੇ ਹਨ।

ੲ) ਕੁੜੀ ਗਾਉਂਦੀ ਹੈ। ਵਾਕ ਵਿੱਚ ਸਕਰਮਕ ਕਿਰਿਆ ਦੀ ਵਰਤੋਂ ਕੀਤੀ ਗਈ ਹੈ।

ਸ) ਅਸਮਾਨ ਤੋਂ ਡਿੱਗੀ ਖਜੂਰ ਉੱਤੇ ਅਟਕੀ।

ਹ) ਉਹ ਕਿਹੜੀ ਗਲ਼ੀ ਜਿੱਥੇ ਭਾਗੋ ਨਹੀਂ ਖਲੀ।

72. ਹੇਠਾਂ ਬਣੇ ਖ਼ਾਨਿਆਂ ਵਿੱਚੋਂ ਅੱਠ ਕਿਰਿਆ ਸ਼ਬਦ ਚੁਣੋ।

| | | | | | | | | |
|---|---|---|---|---|---|---|---|---|
| ਕੁੱ | ਨਾ | ਪ | ਣਾ | ਗਾ | ਉ | ਣਾ | ਸ | ਖਾਂ |
| ਟ | ਉ | ੜ | ਲ | ਪੀਂ | ਖਾ | ਦੌ | ੜ | ਦਾ |
| ਖੇ | ਡ | ਦਾ | ੜ | ਦਾ | ਸੁ | ਣਾ | ਸੁੱ | ਟ |

73. ਨਿਸ਼ਚੇਵਾਚਕ ਵਿਸ਼ੇਸ਼ਣ ਸ਼ਬਦ ਚੁਣੋ।

ੳ ਇਹ, ਔਹ ਅ ਤੂੰ ਤੇਰਾ

ੲ ਕਿਸ ਨੂੰ, ਕੌਣ ਸ ਅਸੀਂ, ਤੁਸੀਂ

74. ਇਹ ਫੁੱਲ ਸੋਹਣਾ ਹੈ। ਵਾਕ ਵਿੱਚ ਕਿਹੜੇ ਵਿਸ਼ੇਸ਼ਣ ਦੀ ਵਰਤੋਂ ਕੀਤੀ ਗਈ ਹੈ?

ੳ ਸੰਖਿਆਵਾਚਕ ਅ ਗੁਣਵਾਚਕ

ੲ ਪਰਿਮਾਣਵਾਚਕ ਸ ਨਿਸ਼ਚੇਵਾਚਕ

75. ਮੋਟਾ, ਪਤਲਾ, ਕਾਲ਼ਾ ਸ਼ਬਦ ਵਿਆਕਰਨ ਅਨੁਸਾਰ ਕੀ ਹਨ?

ੳ ਨਾਂਵ ਅ ਪੜਨਾਂਵ ੲ ਵਿਸ਼ੇਸ਼ਣ ਸ ਕਿਰਿਆ

76. ਹੇਠ ਲਿਖੇ ਸ਼ਬਦਾਂ ਵਿੱਚੋਂ ਕਿਰਿਆ ਸ਼ਬਦ ਚੁਣੋ।

ੳ ਸ਼ੇਰ, ਚੂਹਾ ਅ ਕੌਣ, ਕਿਸ ਦਾ ੲ ਹੱਸਦੇ, ਖੇਡਦੇ ਸ ਮੁੰਡਾ, ਦਾਦਾ

77. _________ ਦਾਲ਼ ਬਰਾਬਰ। ਇਸ ਅਖਾਣ ਨੂੰ ਪੂਰਾ ਕਰੋ।

ੳ ਘਰ ਦੀ ਸਬਜ਼ੀ ਅ ਘਰ ਦੀ ਮੁਰਗੀ

ੲ ਘਰ ਦੀ ਕੜ੍ਹੀ ਸ ਘਰ ਦੀ ਮਠਿਆਈ

78. ਨਾ ਗਾਂ ਨਾ ਵੱਛੀ, ਨੀਂਦਰ ਆਵੇ ਅੱਛੀ। ਅਖਾਣ ਦਾ ਅਰਥ ਹੈ।

ੳ ਵਿਹਲੇ ਹੋਣਾ ਅ ਜਿਸ ਸਿਰ ਜ਼ੁੰਮੇ ਵਾਰੀ ਨਾਹੋਵੇ

ੲ ਜਾਨਵਰਾਂ ਨਾਲ਼ ਪਿਆਰ ਹੋਣਾ ਸ ਤੰਦਰੁਸਤ ਹੋਣਾ

79. ਸਾਹਮਣੇ ਬ੍ਰੈਕਟ ਵਿੱਚ ਦਿੱਤੇ ਸ਼ਬਦਾਂ ਵਿੱਚ ਸ਼ਬਦ ਚੁਣ ਕੇ ਅਖਾਣ ਨੂ ਪੂਰਾ ਕਰੋ।

| | |
|---|---|
| ੳ ਗਿੱਦੜ _____ ਨਾ ਅਪੜੇ ਆਖੇ ਥੂਹ ਕੌੜੀ। | (ਟਾਹਣੀ, ਦਾਖ, ਅੰਗੂਰ, ਅੰਬ) |
| ਅ ਉੱਦਮ ਅੱਗੇ ਲੱਛਮੀ______ ਅੱਗੇ ਪੌਣ। | (ਮਿਹਨਤ, ਹਿੰਮਤ, ਪੱਖੇ, ਕੂਲਰ) |
| ੲ ਹਾਥੀ ਲੰਘ ਗਿਆ___ਰਹਿ ਗਈ। | (ਮੁੱਛ, ਪੂਛ, ਮੱਝ, ਹੱਥਣੀ) |
| ਸ ਘਰ ਦਾ ਭੇਦੀ______ਢਾਹੇ। | (ਦਰਵਾਜ਼ਾ, ਸ਼ਹਿਰ, ਲੰਕਾ, ਪਿੰਡ) |
| ਹ ਅਕਲ ਦਾ ਅੰਨ੍ਹਾ ਤੇ _____ ਦਾ ਪੂਰਾ। | (ਗੰਢ, ਜਿੱਦ, ਕੰਮ, ਪਿਆਰ) |